ਸਾਰਗ ਮਹਲਾ ੫ ਘਰੁ ੨    ੧ੴ ਸਤਿਗੁਰ ਪ੍ਰਸਾਦਿ ॥ ਕੈਸੇ ਕਹਉ ਮੋਹਿ ਜੀਅ ਬੇਦਨਾਈ ॥ ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ ॥੧॥ ਰਹਾਉ ॥ ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ॥ ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ ॥੧॥ ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥ ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥੨॥ ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥ ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ॥੩॥ ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ ॥ ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥੪॥੧॥੧੫॥ {ਪੰਨਾ 1206-1207}

ਪਦਅਰਥ:- ਜੀਅ ਬੇਦਨਾਈ—ਦਿਲ ਦੀ ਪੀੜ। ਮੋਹਿ—ਮੈਂ। ਪਿਆਸ—ਤਾਂਘ। ਮਨੋਹਰ—ਮਨ ਨੂੰ ਮੋਹ ਲੈਣ ਵਾਲਾ। ਪ੍ਰਿਅ ਮਨੋਹਰ ਪ੍ਰੀਤਿ—ਮਨ ਨੂੰ ਮੋਹ ਲੈਣ ਵਾਲੇ ਪਿਆਰੇ (ਹਰੀ) ਦੀ ਪ੍ਰੀਤ। ਨ ਰਹੈ—ਟਿਕਦਾ ਨਹੀਂ, ਧੀਰਜ ਨਹੀਂ ਫੜਦਾ। ਬਹੁ ਬਿਧਿ—ਕਈ ਤਰੀਕਿਆਂ ਨਾਲ। ਉਮਕਾਈ—ਉਮੰਗ ਵਿਚ ਆਉਂਦਾ ਹੈ।1। ਰਹਾਉ।

ਚਿਤਵਨਿ—ਸੋਚ। ਚਿਤਵਉ—ਚਿਤਵਉ, ਮੈਂ ਸੋਚਦੀ ਹਾਂ। ਬੈਰਾਗੀ—ਵੈਰਾਗਣ ਹੋਈ ਹੋਈ। ਕਦਿ—ਕਦੋਂ? ਪਾਵਉ—ਪਾਵਉਂ, ਮੈਂ ਪਾਵਾਂਗੀ। ਕਰਉ—ਕਰਉਂ, ਮੈਂ ਕਰਦੀ ਹਾਂ। ਨਹੀ ਧੀਰੈ—ਧੀਰਜ ਨਹੀਂ ਕਰਦਾ। ਰੇ—ਹੇ ਭਾਈ! {ਪੁਲਿੰਗ}।1।

ਸੰਜਮ—ਇੰਦ੍ਰਿਆਂ ਨੂੰ ਵੱਸ ਕਰਨ ਦੇ ਸਾਧਨ। ਪੁੰਨ—ਮਿਥੇ ਹੋਏ ਧਾਰਮਿਕ ਕੰਮ। ਸਭਿ—ਸਾਰੇ। ਹੋਮਉ—ਹੋਮਉਂ, ਮੈਂ ਭੇਟ ਕਰ ਦਿਆਂਗੀ। ਅਰਪਉ—ਅਰਪਉਂ, ਮੈਂ ਦੇ ਦਿਆਂਗੀ। ਸੁਖ ਜਾਂਈ—ਸੁਖਾਂ ਦੇ ਥਾਂ। ਨਿਮਖ—{inmy—} ਅੱਖ ਝਮਕਣ ਜਿਤਨਾ ਸਮਾ। ਤਿਸੁ ਸੰਤਨ ਕੈ—ਉਸ (ਪ੍ਰਭੂ) ਦੇ ਸੰਤਾਂ ਤੋਂ। ਬਲਿ ਜਾਂਈ—ਮੈਂ ਸਦਕੇ ਜਾਂਦੀ ਹਾਂ।2।

ਨਿਹੋਰਾ—ਤਰਲਾ, ਮਿੰਨਤ। ਸੇਵਉ—ਸੇਵਉਂ, ਮੈਂ ਸੇਵਾ ਕਰਾਂਗੀ। ਰੈਨਾਈ—ਰਾਤ। ਹਉ—ਹਉਂ, ਮੈਂ। ਤਿਆਗਉ—ਤਿਆਗਉਂ, ਮੈਂ ਛੱਡ ਦਿਆਂਗੀ। ਸੁਨਾਈ—ਸੁਨਾਏ, ਸੁਣਾਇਗਾ।3।

ਦੇਖਿ—ਵੇਖ ਕੇ। ਚਰਿਤ੍ਰ—ਕੌਤਕ, ਤਮਾਸ਼ਾ। ਬਿਸਮਨਿ—ਹੈਰਾਨ। ਗੁਰਿ—ਗੁਰੂ ਨੇ। ਸਤਿਗੁਰਿ—ਸਤਿਗੁਰੂ ਨੇ। ਪੁਰਖਿ—ਪ੍ਰਭੂ ਵਿਚ। ਰੰਗ—ਪ੍ਰੇਮ-ਸਰੂਪ। ਮੋਹਿ—ਮੈਂ। ਗ੍ਰਿਹ ਮਹਿ—ਹਿਰਦੇ-ਘਰ

ਵਿਚ। ਤਪਤਿ—ਸੜਨ, ਤਪਸ਼।4।

ਅਰਥ:- ਹੇ ਵੀਰ! ਮੈਂ ਆਪਣੇ ਦਿਲ ਦੀ ਪੀੜ ਕਿਵੇਂ ਬਿਆਨ ਕਰਾਂ? (ਬਿਆਨ ਕਰ ਨਹੀਂ ਸਕਦੀ)। ਮੇਰੇ ਅੰਦਰ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤ ਹੈ ਉਸ ਦੇ ਦਰਸਨ ਦੀ ਤਾਂਘ ਹੈ (ਦਰਸਨ ਤੋਂ ਬਿਨਾ ਮੇਰਾ) ਮਨ ਧੀਰਜ ਨਹੀਂ ਕਰਦਾ, (ਮੇਰਾ ਅੰਦਰ) ਕਈ ਤਰੀਕਿਆਂ ਨਾਲ ਉਮੰਗ ਉਠ ਰਹੀ ਹੈ।1। ਰਹਾਉ।

ਹੇ ਵੀਰ! ਮੈਂ ਪਿਆਰੇ ਦੀ ਪ੍ਰੀਤ ਨਾਲ ਵੈਰਾਗਣ ਹੋਈ ਪਈ ਹਾਂ, ਮੈਂ (ਹਰ ਵੇਲੇ ਇਹ) ਸੋਚ ਸੋਚਦੀ ਰਹਿੰਦੀ ਹਾਂ ਕਿ ਮੈਂ ਹਰੀ ਦਾ ਦਰਸਨ ਕਦੋਂ ਕਰਾਂਗੀ। (ਇਸ ਮਨ ਨੂੰ ਧੀਰਜ ਦੇਣ ਲਈ) ਮੈਂ ਜਤਨ ਕਰਦੀ ਰਹਿੰਦੀ ਹਾਂ, ਪਰ ਇਹ ਮਨ ਧੀਰਜ ਨਹੀਂ ਕਰਦਾ। ਹੇ ਵੀਰ! ਕੋਈ ਅਜਿਹਾ ਭੀ ਸੰਤ ਹੈ ਜਿਹੜਾ ਮੈਨੂੰ ਪ੍ਰਭੂ ਮਿਲਾ ਦੇਵੇ?।1।

ਹੇ ਵੀਰ! ਜੇ ਕੋਈ ਅੱਖ ਝਮਕਣ ਜਿਤਨੇ ਸਮੇ ਲਈ ਹੀ ਮੈਨੂੰ ਪਿਆਰੇ ਦਾ ਦਰਸਨ ਕਰਾ ਦੇਵੇ, ਤਾਂ ਮੈਂ ਉਸ ਪਿਆਰੇ ਦੇ ਉਹਨਾਂ ਸੰਤਾਂ ਤੋਂ ਸਦਕੇ ਕੁਰਬਾਨ ਜਾਵਾਂ। ਹੇ ਵੀਰ! ਮੈਂ ਸਾਰੇ ਜਪ ਸਾਰੇ ਤਪ ਸਾਰੇ ਸੰਜਮ ਸਾਰੇ ਪੁੰਨ ਕੁਰਬਾਨ ਕਰ ਦਿਆਂ, ਸਾਰੇ ਸੁਖਾਂ ਦੇ ਵਸੀਲੇ (ਪਿਆਰੇ ਪ੍ਰਭੂ ਨਾਲ ਮਿਲਣ ਵਾਲੇ ਸੰਤ ਅੱਗੇ) ਭੇਟਾ ਰੱਖ ਦਿਆਂਗੀ।2।

ਹੇ ਵੀਰ! ਜਿਹੜਾ ਕੋਈ ਸੰਤ ਮੈਨੂੰ ਪਿਆਰੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਗੱਲ ਸੁਣਾਏ, ਮੈਂ ਉਸ ਦੇ ਅੱਗੇ ਆਪਣਾ ਸਾਰਾ ਮਾਣ ਅਹੰਕਾਰ ਤਿਆਗ ਦਿਆਂਗੀ। ਮੈਂ ਉਸ ਦੇ ਅੱਗੇ ਬਹੁਤ ਤਰਲਾ ਕਰਾਂਗੀ, ਬੇਨਤੀ ਕਰਾਂਗੀ, ਮੈਂ ਦਿਨ ਰਾਤ ਉਸ ਦੀ ਸੇਵਾ ਕਰਾਂਗੀ।3।

ਹੇ ਦਾਸ ਨਾਨਕ! (ਆਖ—ਹੇ ਵੀਰ!) ਮੈਂ ਇਹ ਕੌਤਕ ਵੇਖ ਕੇ ਹੈਰਾਨ ਹੋ ਗਈ ਕਿ ਗੁਰੂ ਨੇ ਸਤਿਗੁਰੂ ਨੇ ਮੈਨੂੰ ਅਕਾਲ ਪੁਰਖ (ਦੇ ਚਰਨਾਂ) ਵਿਚ ਜੋੜ ਦਿੱਤਾ। ਦਇਆ ਦਾ ਸੋਮਾ ਪਿਆਰ-ਸਰੂਪ ਪਰਮਾਤਮਾ ਮੈਂ ਆਪਣੇ ਹਿਰਦੇ-ਘਰ ਵਿਚ ਹੀ ਲੱਭ ਲਿਆ, (ਤੇ, ਮੇਰੇ ਅੰਦਰੋਂ ਮਾਇਆ ਵਾਲੀ ਸਾਰੀ) ਤਪਸ਼ ਮਿਟ ਗਈ।4।1।15।